ਸੇਵਾ ਵਿਖੇ,

1 ਮਿਲਖ ਅਫਸਰ (ਪਲਾਟਸ)
ਗਮਾਡਾ, ਐਸ ਏ ਐਸ ਨਗਰ।

2 ਮਿਲਖ ਅਫਸਰ (ਹਾਊਸਿੰਗ)
ਗਮਾਡਾ, ਐਸ ਏ ਐਸ ਨਗਰ।

ਨੰ:ਗਮਾਡਾ(ਪ੍ਰ)/2015/ 8386-87
ਮਿਤੀ: 12/3/15

ਵਿਸ਼ਾ:- ਐਨ.ਆਰ.ਆਈ. ਕੋਟੇ ਦਾ ਨਾਮ ਅਤੇ ਪਰਿਭਾਸ਼ਾਂ ਸਬੰਧੀ।

ਮੁੱਖ ਪ੍ਰਸਾਸ਼ਕ, ਪੁੱਡਾ ਦੇ ਦਫਤਰ ਵੱਲੋਂ ਪੱਤਰ ਨੰ: 27861 ਮਿਤੀ 27-12-2012 ਨਾਲ ਡਰਾਅ ਰਾਹੀਂ ਅਲਾਟ ਕੀਤੇ ਜਾਣ ਵਾਲੇ ਪਲਾਟਾਂ ਅਤੇ ਮਕਾਨਾਂ ਲਈ ਰਿਜਰਵੇਸ਼ਨ ਪਾਲਿਸੀ ਸਬੰਧੀ ਹਦਾਇਤਾਂ ਸਾਰੀਆਂ ਅਥਾਰਿਟੀਆਂ ਨੂੰ ਜਾਰੀ ਕੀਤੀਆਂ ਸਨ, ਜਿਸ ਵਿੱਚ ਐਨ.ਆਈ.ਆਰ. ਕੋਟੇ ਵਿੱਚ 10% ਪਲਾਟ ਅਤੇ ਮਕਾਨ ਰਾਖਵੇਂ ਰੱਖਣ ਦਾ ਉਪਬੰਧ ਕੀਤਾ ਗਿਆ ਸੀ। ਇਹ ਮਾਮਲਾ ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਵੱਲੋਂ ਮੱਦ ਨੰ 71.04 ਨਾਲ ਮੁੜ ਵਿਚਾਰਿਆ ਗਿਆ ਸੀ ਅਤੇ ਇਸ ਵਰਗ ਦੇ ਬਿਨੈਕਾਰਾਂ ਦੀ ਯੋਗਤਾ ਅਤੇ ਰਕਮ ਦੇਣ ਸਬੰਧੀ ਕੁੱਝ ਸੋਧ ਕੀਤੀ ਹੈ, ਜਿਸ ਬਾਰੇ ਲੋੜੀਂਦੀਆਂ ਹਦਾਇਤਾਂ ਵਖਰੇ ਤੋਰ ਤੇ ਮੁੱਖ ਪ੍ਰਸਾਸ਼ਕ, ਪੁੱਡਾ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਐਨ.ਆਰ.ਆਈ. ਅਧੀਨ ਰੱਖੇ ਗਏ ਕੋਟੇ ਦਾ ਨਾਮ ਬਦਲ ਕੇ ਹੁਣ Punjabis/Persons of Punjab origin who are settled abroad ਕਰਨ ਦਾ ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੇ ਪੱਧਰ ਤੇ ਲਿਆ ਗਿਆ ਹੈ ਜਿਸ ਦੀ ਕਾਰਜਬਾਅਦ ਪ੍ਰਵਾਨਗੀ ਪੁੱਡਾ ਦੀ ਵਿੱਤ ਤੇ ਲੇਖਾ ਕਮੇਟੀ ਤੋਂ ਲਈ ਜਾਣੀ ਹੈ।

ਇਸ ਫੈਸਲੇ ਨੂੰ ਧਿਆਨ ਵਿੱਚ ਰਖਦੇ ਹੋਏ ਅੱਗੇ ਵਾਸਤੇ ਜਿਹੜੀਆਂ ਵੀ ਸਕੀਮਾਂ ਲਾਂਚ ਕੀਤੀਆਂ ਜਾਣੀਆਂ ਹਨ, ਉਹਨਾਂ ਵਿੱਚ ਹੇਠ ਲਿਖੇ ਅਨੁਸਾਰ ਇਸ ਵਰਗ ਦੇ ਬਿਨੈਕਾਰਾਂ ਲਈ ਉਪਬੰਧ ਕੀਤਾ ਜਾਵੇ:-

**Punjabis/Persons of Punjab origin who are settled abroad.**

Whose origin is from State of Punjab and they are presently citizen of any other country, subject to the following conditions:-

He/she is ready to make payment through foreign exchange such as Euro, Pounds, US Dollars, Canadian Dollars and Australian Dollars. No other currency is acceptable.

He/She will be required to submit documentary proof regarding his/her, his/her father/mother, his/her grandfather/mother were original residents of the State of Punjab in India. To verify this claim a certificate from Sub Divisional Magistrate concerned would be required which will be issued on the basis of the agriculture property, house or plot of residence or any other ancestral property.

ਇਹ ਹਦਾਇਤਾਂ ਇਕੋ ਸਿਟੀ -2 ਨਿਊ ਚੰਡੀਗੜ੍ਹ ਦੀ ਸਕੀਮ ਤੇ ਵੀ ਲਾਗੂ ਹੋਣਗੀਆਂ।

ਪ੍ਰਬੰਧਕ ਅਫਸਰ (ਪਾਲਿਸੀ)
ਵਾ: ਮੁੱਖ ਪ੍ਰਸਾਸ਼ਕ

ਪਿਠ ਅੰਕਣ ਨੰ:ਗਮਾਡਾ(ਪ੍ਰ)/2015/ 8388 ਮਿਤੀ: 12/3/15

ਉਪਰੋਕਤ ਦਾ ਉਤਾਰਾ ਮੁੱਖ ਪਸ੍ਰਾਸ਼ਕ, ਪੁੱਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਪ੍ਰਬੰਧਕ ਅਫਸਰ (ਪਾਲਿਸੀ)